# ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਮੁੱਖ-ਅਧਿਆਪਕ/ਪ੍ਰਿੰਸੀਪਲ,
ਐਫੀਲੀਏਟਡ/ਐਸੋਸੀਏਟਡ ਹਾਈ/ਸੀਨੀਅਰ ਸੈਕੰਡਰੀ ਸਕੂਲ,
ਪੰਜਾਬ।

ਨੰ: ਪਸਸਬ-ਰਜਿ.-2026/ 1154
ਮਿਤੀ: ਐਸ.ਏ.ਐਸ.ਨਗਰ: 15-07-2026

ਵਿਸ਼ਾ:- 9ਵੀਂ ਤੋਂ 12ਵੀਂ ਜਮਾਤ ਦੇ ਵਿੱਦਿਆਰਥੀਆਂ ਦਾ ਡਾਟਾ ਰਜਿਸਟ੍ਰੇਸ਼ਨ ਪੋਰਟਲ ਤੇ ਅਪਡੇਟ ਨਾ ਕਰਨ ਸਬੰਧੀ।

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਾਬ ਰਾਜ ਦੇ ਸਮੂਹ ਐਫੀਲੀਏਟਡ/ਐਸੋਸੀਏਟਡ ਸਕੂਲਾਂ ਵਿੱਚ 9ਵੀਂ ਤੋਂ 12ਵੀਂ ਜਮਾਤ ਵਿੱਚ ਪੜ੍ਹਦੇ ਵਿੱਦਿਆਰਥੀਆਂ ਦਾ ਰਜਿਸਟ੍ਰੇਸ਼ਨ ਪੋਰਟਲ ਤੇ ਡਾਟਾ ਪਹਿਲਾਂ ਹੀ ਉਪਲੱਬਧ ਕਰਵਾਇਆ ਗਿਆ ਹੈ ਤਾਂ ਜੋ ਸਬੰਧਤ ਸਕੂਲ ਵੱਲੋਂ ਉਸਨੂੰ ਅਪਡੇਟ ਕਰਕੇ ਸਬਮਿਟ ਕੀਤਾ ਜਾ ਸਕੇ ਪ੍ਰੰਤੂ ਧਿਆਨ ਵਿੱਚ ਆਇਆ ਹੈ ਕਿ ਆਪ ਦੇ ਸਕੂਲ ਵੱਲੋਂ ਅਜੇ ਤੱਕ ਇਨ੍ਹਾਂ ਵਿੱਦਿਆਰਥੀਆਂ ਦੀ ਰਜਿਸਟ੍ਰੇਸ਼ਨ ਪੋਰਟਲ ਤੇ ਡਾਟਾ ਸਬਮਿਟ ਕਰਨ ਦਾ ਕਾਰਜ ਨੇਪਰੇ ਨਹੀਂ ਚਾੜ੍ਹਿਆ ਗਿਆ।

ਤੁਹਾਡੇ ਵੱਲੋਂ ਅਜਿਹਾ ਨਾ ਕਰਨ ਕਾਰਨ ਵਿੱਦਿਆਰਥੀਆਂ ਦੇ ਭਵਿੱਖ ਤੇ ਅਸਰ ਪੈਂਦਾ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਦੇ ਸਕੂਲ ਵਿੱਚ ਪੜ੍ਹਦੇ 9ਵੀਂ ਤੋਂ 12ਵੀਂ ਜਮਾਤ ਦੇ ਵਿੱਦਿਆਰਥੀਆਂ ਦਾ ਰਜਿਸਟ੍ਰੇਸ਼ਨ ਪੋਰਟਲ ਤੇ ਪਹਿਲਾਂ ਹੀ ਉਪਲੱਬਧ ਡਾਟੇ ਨੂੰ ਅਪਡੇਟ ਕਰਕੇ ਸਬਮਿਟ ਕਰਨ ਦਾ ਕਾਰਜ ਤੁਰੰਤ ਨੇਪਰੇ ਚਾੜ੍ਹਿਆ ਜਾਵੇ।

ਇਸ ਨੂੰ ਅਤਿ ਜ਼ਰੂਰੀ ਸਮਝਦੇ ਹੋਏ ਪਰਮ ਅਗੇਤ ਦਿੱਤੀ ਜਾਵੇ।

ਸੁਪਰਡੰਟ (ਰਜਿਸਟ੍ਰੇਸ਼ਨ)
ਵਾਸਤੇ ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ।